
ਰੱਬੀ, ਗੁਰੂ ਜਾਂ ਨਬੀ ਹੀ ਨਹੀਂ — ਪਰ ਉਹ ਪਰਮੇਸ਼ੁਰ ਦਾ ਪੁੱਤਰ ਹੈ। ਬਾਈਬਲ ਸਾਨੂੰ ਦੱਸਦੀ ਹੈ ਕਿ "ਪਰਮੇਸ਼ੁਰ ਪਿਆਰ ਹੈ" (1 ਯੂਹੰਨਾ 4:8), ਅਤੇ ਕਿਉਂਕਿ ਉਸ ਨੇ ਸੰਸਾਰ ਨਾਲ ਐਨਾ ਪਿਆਰ ਕੀਤਾ, ਉਹ ਨੇ ਯਸ਼ੂ ਨੂੰ ਮਨੁੱਖ ਦੇ ਰੂਪ ਵੀਚ ਭੇਜਿਆ ਤਾਂ ਜੋ ਉਹ ਸਾਨੂੰ ਵਿਖਾ ਸਕੇ ਕਿ ਪਰਮੇਸ਼ੁਰ ਸੱਚਮੁੱਚ ਕਹਿੋ ਜਹਿਾ ਹੈ, ਅਤੇ ਸਾਨੂੰ ਆਪਣੇ ਕੋਲ ਲਿਆ ਸਕੇ। ਯਸ਼ੂ ਨੇ ਸੰਸਾਰ ਦੇ ਪਾਪਾਂ ਦੀ ਖਾਤਰ ਆਪਣੀ ਜਾਨ ਦੀਤੀ ਅਤੇ ਫੇਰ ਮਰੇ ਹੋਇਆਂ ਵੀਚੋਂ ਜੀ ਉੱਠਿਆ, ਤਾਂ ਜੋ ਅਸੀਂ ਪਰਮੇਸ਼ੁਰ ਨਾਲ ਮਿਲਾਪ ਕਰ ਸਕੀਏ ਅਤੇ ਅਨੰਤ ਜੀਵਨ ਪਾ ਸਕੀਏ ।

ਯਸ਼ੂ ਮਸੀਹ ਹੀ ਮੁਕਤੀ ਦਾ ਇਕੋ-ਇਕ ਰਾਹ ਹੈ। ਉਹ ਤੁਹਾਨੂੰ ਐਨਾ ਪਿਆਰ ਕਰਦਾ ਹੈ ਕਿ ਉਸ ਨੇ ਤੁਹਾਡੇ ਪਾਪਾਂ ਦੀ ਸਜ਼ਾ ਆਪਣੇ ਉੱਤੇ ਲੈ ਲਈ, ਤਾਂ ਜੋ ਤੁਹਾਨੂੰ ਉਹ ਸਜ਼ਾ ਨਾ ਭੁਗਤਣੀ ਪਏ। ਜੇ ਤੁਸੀ ਉਸਨੂੰ ਆਪਣੇ ਜੀਵਨ ਵੀਚ ਬੁਲਾਓ ਅਤੇ ਉਸ ਦੇ ਅਨੰਤ ਜੀਵਨ ਦੇ ਵਰਦਾਨ ਨੂੰ ਸਵੀਕਾਰ ਕਰੋ, ਤਾਂ ਤੁਸੀ ਬਚਾਏ ਜਾਵੋਗੇ ।

ਤੁਸੀਂ ਦਲਿ ਤੋਂ ਇਹ ਪ੍ਰਾਥਨਾ ਕਰਕੇ, ਯਸ਼ੂ ਨੂੰ ਆਪਣੇ ਜੀਵਨ ਦੇ ਵੀਚ ਬੁਲਾ ਸਕਦੇ ਹੋ ।

ਪਿਆਰੇ ਯਸ਼ੂ, ਮੈਂ ਤੁਹਾਨੂੰ ਜਾਣਨਾ ਚਾਹੁੰਦਾ ਹਾਂ। ਧੰਨਵਾਦ ਕਰਦਾ ਕਿ ਤੁਸੀ ਮੇਰੇ ਲਈ ਆਪਣੀ ਜਾਨ ਦੀਤੀ। ਕਰਿਪਾ ਕਰਕੇ ਮੇਰੇ ਸਾਰੇ ਪਾਪ ਮਾਫ ਕਰੋ। ਮੈਂ ਬੇਨਤੀ ਕਰਦਾ ਹਾਂ ਕਿ ਤੁਸੀ ਮੇਰੇ ਦਲਿ ਅਤੇ ਜੀਵਨ ਵੀਚ ਆਓ, ਮੈਨੂੰ ਆਪਣੇ ਪਵੀਤਰ ਆਤਮਾ ਨਾਲ ਭਰ ਦਓਿ ਅਤੇ ਮੈਨੂੰ ਆਪਣੇ ਅਨੰਤ ਜੀਵਨ ਦਾ ਵਰਦਾਨ ਦਓਿ। ਆਮੀਨ।

© 2022 Activated
To learn more, visit our website at: https://activated.org/en/.





ਰੱਬੀ, ਗੁਰੂ ਜਾਂ ਨਬੀ ਹੀ ਨਹੀਂ — ਪਰ ਉਹ ਪਰਮੇਸ਼ੁਰ ਦਾ ਪੁੱਤਰ ਹੈ। ਬਾਈਬਲ ਸਾਨੂੰ ਦੱਸਦੀ ਹੈ ਕਿ "ਪਰਮੇਸ਼ੁਰ ਪਿਆਰ ਹੈ" (1 ਯੂਹੰਨਾ 4:8), ਅਤੇ ਕਿਉਂਕਿ ਉਸ ਨੇ ਸੰਸਾਰ ਨਾਲ ਐਨਾ ਪਿਆਰ ਕੀਤਾ, ਉਹ ਨੇ ਯਸ਼ੂ ਨੂੰ ਮਨੁੱਖ ਦੇ ਰੂਪ ਵੀਚ ਭੇਜਿਆ ਤਾਂ ਜੋ ਉਹ ਸਾਨੂੰ ਵਿਖਾ ਸਕੇ ਕਿ ਪਰਮੇਸ਼ੁਰ ਸੱਚਮੁੱਚ ਕਹਿੋ ਜਹਿਾ ਹੈ, ਅਤੇ ਸਾਨੂੰ ਆਪਣੇ ਕੋਲ ਲਿਆ ਸਕੇ। ਯਸ਼ੂ ਨੇ ਸੰਸਾਰ ਦੇ ਪਾਪਾਂ ਦੀ ਖਾਤਰ ਆਪਣੀ ਜਾਨ ਦੀਤੀ ਅਤੇ ਫੇਰ ਮਰੇ ਹੋਇਆਂ ਵੀਚੋਂ ਜੀ ਉੱਠਿਆ, ਤਾਂ ਜੋ ਅਸੀਂ ਪਰਮੇਸ਼ੁਰ ਨਾਲ ਮਿਲਾਪ ਕਰ ਸਕੀਏ ਅਤੇ ਅਨੰਤ ਜੀਵਨ ਪਾ ਸਕੀਏ ।

ਯਸ਼ੂ ਮਸੀਹ ਹੀ ਮੁਕਤੀ ਦਾ ਇਕੋ-ਇਕ ਰਾਹ ਹੈ। ਉਹ ਤੁਹਾਨੂੰ ਐਨਾ ਪਿਆਰ ਕਰਦਾ ਹੈ ਕਿ ਉਸ ਨੇ ਤੁਹਾਡੇ ਪਾਪਾਂ ਦੀ ਸਜ਼ਾ ਆਪਣੇ ਉੱਤੇ ਲੈ ਲਈ, ਤਾਂ ਜੋ ਤੁਹਾਨੂੰ ਉਹ ਸਜ਼ਾ ਨਾ ਭੁਗਤਣੀ ਪਏ। ਜੇ ਤੁਸੀ ਉਸਨੂੰ ਆਪਣੇ ਜੀਵਨ ਵੀਚ ਬੁਲਾਓ ਅਤੇ ਉਸ ਦੇ ਅਨੰਤ ਜੀਵਨ ਦੇ ਵਰਦਾਨ ਨੂੰ ਸਵੀਕਾਰ ਕਰੋ, ਤਾਂ ਤੁਸੀ ਬਚਾਏ ਜਾਵੋਗੇ ।

ਤੁਸੀਂ ਦਲਿ ਤੋਂ ਇਹ ਪ੍ਰਾਥਨਾ ਕਰਕੇ, ਯਸ਼ੂ ਨੂੰ ਆਪਣੇ ਜੀਵਨ ਦੇ ਵੀਚ ਬੁਲਾ ਸਕਦੇ ਹੋ ।

ਪਿਆਰੇ ਯਸ਼ੂ, ਮੈਂ ਤੁਹਾਨੂੰ ਜਾਣਨਾ ਚਾਹੁੰਦਾ ਹਾਂ। ਧੰਨਵਾਦ ਕਰਦਾ ਕਿ ਤੁਸੀ ਮੇਰੇ ਲਈ ਆਪਣੀ ਜਾਨ ਦੀਤੀ। ਕਰਿਪਾ ਕਰਕੇ ਮੇਰੇ ਸਾਰੇ ਪਾਪ ਮਾਫ ਕਰੋ। ਮੈਂ ਬੇਨਤੀ ਕਰਦਾ ਹਾਂ ਕਿ ਤੁਸੀ ਮੇਰੇ ਦਲਿ ਅਤੇ ਜੀਵਨ ਵੀਚ ਆਓ, ਮੈਨੂੰ ਆਪਣੇ ਪਵੀਤਰ ਆਤਮਾ ਨਾਲ ਭਰ ਦਓਿ ਅਤੇ ਮੈਨੂੰ ਆਪਣੇ ਅਨੰਤ ਜੀਵਨ ਦਾ ਵਰਦਾਨ ਦਓਿ। ਆਮੀਨ।

© 2022 Activated
To learn more, visit our website at: https://activated.org/en/.



ਉਹ ਸੁਰਗ ਦੀ ਮਹਿਮਾ ਨੂੰ ਛੱਡ ਕੇ ਧਰਤੀ 'ਤੇ ਇੱਕ ਨਿਰਬਲ ਬਾਲਕ ਦੀ ਤਰਾਂ ਆਇਆ। ਉਸਦਾ ਜਨਮ ਇੱਕ ਹਲੀਮ ਕੁਆਰੀ ਕੁੜੀ ਮਰਿਆਮ ਰਾਹੀਂ ਹੋਇਆ, ਜੋ ਪਰਮੇਸੁਰ ਦੀ ਸ਼ਕਤੀ ਦੁਆਰਾ ਚਮਤਕਾਰਕ ਢੰਗ ਨਾਲ ਗਰਭਵਤੀ ਹੋਈ। ਹਾਲਾਂਕਿ ਉਹ ਰਾਜਿਆਂ ਦਾ ਰਾਜਾ ਸੀ ਅਤੇ ਉਸ ਦੀ ਆਉਣਾ ਪਰਮੇਸੁਰ ਵੱਲੋਂ ਪਹਿਲਾਂ ਹੀ ਮਿਥਿਆ ਹੋਇਆ ਸੀ, ਪਰ ਉਹ ਕਿਸੇ ਮਹਿਲ ਜਾਂ ਸ਼ਾਨਦਾਰ ਥਾਂ ਉੱਤੇ ਨਹੀਂ ਜੰਮਿਆ।

ਉਹ ਇੱਕ ਸਰਾਂ ਵਿੱਚ, ਜਿੱਥੇ ਪਸ਼ੂ ਰੱਖੇ ਜਾਂਦੇ ਸਨ, ਜੰਮਿਆ। ਉਸ ਨੂੰ ਕੱਪੜੇ ਵਿੱਚ ਲਪੇਟ ਕੇ ਪਸ਼ੂਆਂ ਦੇ ਚਾਰੇ ਦੀ ਖੁਰਲੀ ਵਿੱਚ ਰੱਖਿਆ ਗਿਆ। ਇਹ ਸਭ ਕੁਝ ਪਰਮੇਸੁਰ ਦੀ ਹਲੀਮੀ ਅਤੇ ਪਿਆਰ ਦਾ ਪ੍ਰਗਟਾਵਾ ਸੀ, ਜੋ ਮਨੁੱਖੀ ਰੂਪ ਵਿੱਚ ਆ ਕੇ ਸਾਨੂੰ ਮੁਕਤੀ ਦੇਣ ਆਇਆ।

ਹਾਲਾਂਕਿ ਉਸ ਦੇ ਜਨਮ ਨੂੰ ਮਨੁੱਖੀ ਸੰਸਥਾਵਾਂ ਵੱਲੋਂ ਕੋਈ ਵੱਡੀ ਪ੍ਰਸਿਧੀ ਜਾਂ ਮਾਨਤਾ ਨਹੀਂ ਮਿਲੀ, ਪਰ ਉਸ ਰਾਤ ਅਕਾਸ਼ ਪ੍ਰਭੂ ਦੇ ਤੇਜ ਨਾਲ ਭਰ ਗਿਆ। ਰੜ ਵਿੱਚ ਕੁਝ ਗਰੀਬ ਚਰਵਾਹੇ ਆਪਣੇ ਪਸ਼ੂਆਂ ਦੀ ਰਾਖੀ ਕਰ ਰਹੇ ਸਨ। ਅਚਾਨਕ ਇਕ ਰੌਸ਼ਨ ਤੇ ਔਲੌਕਿਕ ਜੋਤ ਉਨ੍ਹਾਂ 'ਤੇ ਚਮਕੀ, ਅਤੇ ਸੁਰਗ ਦੂਤਾਂ ਦੀ ਇਕ ਵੱਡੀ ਫੌਜ ਪਰਗਟ ਹੋਈ, ਜੋ ਪਰਮੇਸੁਰ ਦੀ ਮਹਿਮਾ ਉੱਚੇ ਸੁਰ ਨਾਲ ਗਾ ਰਹੀ ਸੀ: "ਸਭ ਤੋਂ ਉੱਚੇ ਸਥਾਨ ਵਿੱਚ ਪਰਮੇਸੁਰ ਦੀ ਮਹਿਮਾ ਹੋਵੇ! ਧਰਤੀ ਉੱਤੇ ਉਹਨਾਂ ਮਨੁੱਖਾਂ ਲਈ ਸ਼ਾਂਤੀ ਹੋਵੇ ਜੋ ਉਸ ਦੀ ਮਰਜੀ ਵਿੱਚ ਹਨ, ਕਿਉਂਕਿ ਅੱਜ ਤੁਹਾਡੇ ਲਈ ਮੁਕਤੀਦਾਤਾ ਪੈਦਾ ਹੋਇਆ ਹੈ — ਜੋ ਮਸੀਹ ਪ੍ਰਭੂ ਹੈ।"

ਉਸ ਦਾ ਧਰਤੀ ਤੇ ਪਿਤਾ ਇੱਕ ਤਰਖਾਣ ਸੀ — ਉਹ ਇੱਕ ਬਹੁਤ ਹੀ ਹਲੀਮ ਵਿਅਕਤੀ ਸੀ , ਜਿਸ ਨਾਲ ਉਹ ਰਿਹਾ, ਵੱਡਾ ਹੋਇਆ ਅਤੇ ਮਿਹਨਤ ਕੀਤੀ। ਯਿਸੂ ਨੇ ਸਾਡੀ ਮਨੁੱਖੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਅਪਣਾਇਆ ਤਾਂ ਜੋ ਉਹ ਸਾਨੂੰ, ਹੋਰ ਚੰਗੀ ਤਰ੍ਹਾਂ ਸਮਝ ਸਕੇ, ਸਾਡੇ ਨਾਲ ਪਿਆਰ ਕਰ ਸਕੇ ਅਤੇ ਸਾਡੇ ਸੀਮਿਤ ਗਿਆਨ ਦੇ ਪੱਧਰ 'ਤੇ ਸਾਡੇ ਨਾਲ ਗੱਲ ਕਰ ਸਕੇ। ਉਸ ਨੇ ਸਾਡਾ ਦਰਦ ਵੇਖਿਆ, ਸਾਡੀਆਂ ਪੀੜਾਵਾਂ ਨੂੰ ਜਾਣਿਆ ਅਤੇ ਸਾਡੇ ਲਈ ਉਸਦਾ ਦਿਲ ਤਰਸ ਨਾਲ ਭਰ ਗਿਆ।

ਜਦੋਂ ਉਸ ਨੇ ਆਪਣੇ ਧਰਤੀ ਦੇ ਜੀਵਨ ਦੀ ਸੇਵਾ ਸ਼ੁਰੂ ਕੀਤੀ, ਤਾਂ ਉਹ ਹਰ ਥਾਂ ਗਿਆ—ਨੇਕੀ ਕਰਦਾ, ਲੋਕਾਂ ਦੀ ਮਦਦ ਕਰਦਾ, ਬੱਚਿਆਂ ਨਾਲ ਪਿਆਰ ਕਰਦਾ, ਟੁੱਟੇ ਦਿਲਾਂ ਨੂੰ ਚੰਗਾ ਕਰਦਾ, ਥੱਕੇ ਹੋਇਆਂ ਨੂੰ ਤਾਕਤ ਦੇਂਦਾ। ਉਸ ਨੇ ਸਿਰਫ਼ ਪਰਚਾਰ ਨਹੀਂ ਕੀਤਾ, ਸਗੋਂ ਜੋ ਕੁਝ ਉਹ ਸਿਖਾਉਂਦਾ ਸੀ, ਉਹੀ ਜੀਵਨ ਉਸ ਨੇ ਜੀ ਕੇ ਵੀ ਵਿਖਾਇਆ। ਉਸ ਨੇ ਲੋਕਾਂ ਦੀ ਆਤਮਿਕ ਅਤੇ ਸਰੀਰਕ ਜ਼ਰੂਰਤਾਂ ਦੀ ਪਰਵਾਹ ਕੀਤੀ—ਬੀਮਾਰਾਂ ਨੂੰ ਚਮਤਕਾਰਕ ਢੰਗ ਨਾਲ ਚੰਗਾ ਕੀਤਾ, ਭੁੱਖਿਆਂ ਨੂੰ ਰੋਟੀ ਖੁਵਾਈ, ਅਤੇ ਆਪਣੇ ਪਿਆਰ ਨੂੰ ਹਰ ਕਿਸੇ ਨਾਲ ਸਾਂਝਾ ਕੀਤਾ। ਉਸ ਨੇ ਆਪਣੇ ਲਈ ਕੋਈ ਮਾਣ ਜਾਂ ਇੱਜ਼ਤ ਨਹੀਂ ਮੰਗਿਆ। ਪਰ ਇਸਦੇ ਉਲਟ, ਉਹ ਉਨ੍ਹਾਂ ਲੋਕਾਂ ਨਾਲ ਰਹਿੰਦਾ ਸੀ ਜੋ ਸਮਾਜ ਵੱਲੋਂ ਤਿਰਸਕਾਰ ਕੀਤੇ ਜਾਂਦੇ ਸਨ।

ਜਿਵੇਂ-ਜਿਵੇਂ ਪਰਮੇਸੁਰ ਦੇ ਸੱਚ ਅਤੇ ਪਿਆਰ ਦਾ ਸੁਨੇਹਾ ਫੈਲਣ ਲੱਗਾ ਅਤੇ ਯਿਸੂ ਦੇ ਚੇਲੇ ਵੱਧਣ ਲੱਗੇ, ਤਿਵੇਂ ਉਸ ਸਮੇ ਦੇ ਧਾਰਮਿਕ ਕਾਨੂੰਨ ਅਤੇ ਉਸ ਦੇ ਆਗੂਆਂ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਕਿ ਨਾਸਰਤ ਦਾ ਇਹ ਆਮ ਤਰਖਾਣ ਜਿਸ ਨੂੰ ਪਹਿਲਾ ਕੋਈ ਨਹੀਂ ਜਾਣਦਾ ਸੀ, ਹੁਣ ਉਨ੍ਹਾਂ ਲਈ ਖਤਰਾ ਬਣ ਗਿਆ ਹੈ। ਉਹਨਾਂ ਨੇ ਉਸ (ਯਿਸੂ) ਨੂੰ ਝੂਠੇ ਇਲਜ਼ਾਮਾਂ ਵਿੱਚ ਫੜਵਾਇਆ ਅਤੇ ਉਸ 'ਤੇ ਮੁਕੱਦਮਾ ਚਲਾਇਆ। ਹਾਲਾਂਕਿ ਰਾਜਪਾਲ ਨੇ ਉਸ ਨੂੰ ਨਿਰਦੋਸ਼ ਘੋਸ਼ਿਤ ਕੀਤਾ, ਪਰ ਇਸਦੇ ਬਾਵਜੂਦ ਵੀ, ਲੋਕਾਂ ਦੇ ਦਬਾਅ ਅਤੇ ਧਮਕੀਆਂ ਦੇ ਕਾਰਨ, ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ।

ਜਦੋਂ ਉਸ ਦੇ ਸਰੀਰ ਨੂੰ ਕਬਰ ਵਿੱਚ ਰਖਿਆ ਗਿਆ ਸੀ ਤਾਂ ਤਿੰਨ ਦਿਨਾਂ ਬਾਅਦ, ਉਹ ਮੌਤ, ਨਰਕ ਅਤੇ ਕਬਰ ਉੱਤੇ ਜਿੱਤ ਪ੍ਰਾਪਤ ਕਰ ਕੇ ਮੁਰਦਿਆਂ ਵਿੱਚੋਂ ਜੀ ਉੱਠਿਆ, ਤੇ ਲਗਭਗ 2,000 ਸਾਲ ਪਹਿਲਾਂ, ਉਹ ਮਹਾਨ ਦਿਨ ਇਤਿਹਾਸ ਦਾ ਸਭ ਤੋਂ ਵੱਡਾ ਮੋੜ ਸੀ। ਉਸ ਦਿਨ ਤੋਂ ਲੈ ਯਿਸੂ ਮਸੀਹ ਨੇ ਇਤਿਹਾਸ, ਸਭਿਆਚਾਰ ਅਤੇ ਮਨੁੱਖਤਾ ਦੀ ਦਸ਼ਾ ਨੂੰ ਬਦਲ ਕੇ ਰੱਖ ਦਿੱਤਾ ਅਤੇ ਅੱਜ ਤਕ ਕੋਈ ਨੇਤਾ, ਸਮੂਹ, ਸਰਕਾਰ ਜਾਂ ਸਾਮਰਾਜ ਸਮਾਜ ਤੇ ਐਨਾ ਪ੍ਰਭਾਵ ਨਹੀਂ ਪਾ ਸਕਿਆ, ਨਾ ਹੀ ਉਸ ਤੋਂ ਪਹਿਲਾ ਅਤੇ ਨਾ ਹੀ ਉਸ ਤੋਂ ਬਾਅਦ ।

ਇਹ ਪੁਰਸ਼, ਯਿਸੂ ਮਸੀਹ, ਸਿਰਫ਼ ਕੋਈ ਦਰਸ਼ਨਸ਼ਾਸਤਰੀ, ਅਧਿਆਪਕ,

ਉਹ ਸੁਰਗ ਦੀ ਮਹਿਮਾ ਨੂੰ ਛੱਡ ਕੇ ਧਰਤੀ 'ਤੇ ਇੱਕ ਨਿਰਬਲ ਬਾਲਕ ਦੀ ਤਰਾਂ ਆਇਆ। ਉਸਦਾ ਜਨਮ ਇੱਕ ਹਲੀਮ ਕੁਆਰੀ ਕੁੜੀ ਮਰਿਆਮ ਰਾਹੀਂ ਹੋਇਆ, ਜੋ ਪਰਮੇਸੁਰ ਦੀ ਸ਼ਕਤੀ ਦੁਆਰਾ ਚਮਤਕਾਰਕ ਢੰਗ ਨਾਲ ਗਰਭਵਤੀ ਹੋਈ। ਹਾਲਾਂਕਿ ਉਹ ਰਾਜਿਆਂ ਦਾ ਰਾਜਾ ਸੀ ਅਤੇ ਉਸ ਦੀ ਆਉਣਾ ਪਰਮੇਸੁਰ ਵੱਲੋਂ ਪਹਿਲਾਂ ਹੀ ਮਿਥਿਆ ਹੋਇਆ ਸੀ, ਪਰ ਉਹ ਕਿਸੇ ਮਹਿਲ ਜਾਂ ਸ਼ਾਨਦਾਰ ਥਾਂ ਉੱਤੇ ਨਹੀਂ ਜੰਮਿਆ।

ਉਹ ਇੱਕ ਸਰਾਂ ਵਿੱਚ, ਜਿੱਥੇ ਪਸ਼ੂ ਰੱਖੇ ਜਾਂਦੇ ਸਨ, ਜੰਮਿਆ। ਉਸ ਨੂੰ ਕੱਪੜੇ ਵਿੱਚ ਲਪੇਟ ਕੇ ਪਸ਼ੂਆਂ ਦੇ ਚਾਰੇ ਦੀ ਖੁਰਲੀ ਵਿੱਚ ਰੱਖਿਆ ਗਿਆ। ਇਹ ਸਭ ਕੁਝ ਪਰਮੇਸੁਰ ਦੀ ਹਲੀਮੀ ਅਤੇ ਪਿਆਰ ਦਾ ਪ੍ਰਗਟਾਵਾ ਸੀ, ਜੋ ਮਨੁੱਖੀ ਰੂਪ ਵਿੱਚ ਆ ਕੇ ਸਾਨੂੰ ਮੁਕਤੀ ਦੇਣ ਆਇਆ।

ਹਾਲਾਂਕਿ ਉਸ ਦੇ ਜਨਮ ਨੂੰ ਮਨੁੱਖੀ ਸੰਸਥਾਵਾਂ ਵੱਲੋਂ ਕੋਈ ਵੱਡੀ ਪ੍ਰਸਿਧੀ ਜਾਂ ਮਾਨਤਾ ਨਹੀਂ ਮਿਲੀ, ਪਰ ਉਸ ਰਾਤ ਅਕਾਸ਼ ਪ੍ਰਭੂ ਦੇ ਤੇਜ ਨਾਲ ਭਰ ਗਿਆ। ਰੜ ਵਿੱਚ ਕੁਝ ਗਰੀਬ ਚਰਵਾਹੇ ਆਪਣੇ ਪਸ਼ੂਆਂ ਦੀ ਰਾਖੀ ਕਰ ਰਹੇ ਸਨ। ਅਚਾਨਕ ਇਕ ਰੌਸ਼ਨ ਤੇ ਔਲੌਕਿਕ ਜੋਤ ਉਨ੍ਹਾਂ 'ਤੇ ਚਮਕੀ, ਅਤੇ ਸੁਰਗ ਦੂਤਾਂ ਦੀ ਇਕ ਵੱਡੀ ਫੌਜ ਪਰਗਟ ਹੋਈ, ਜੋ ਪਰਮੇਸੁਰ ਦੀ ਮਹਿਮਾ ਉੱਚੇ ਸੁਰ ਨਾਲ ਗਾ ਰਹੀ ਸੀ: "ਸਭ ਤੋਂ ਉੱਚੇ ਸਥਾਨ ਵਿੱਚ ਪਰਮੇਸੁਰ ਦੀ ਮਹਿਮਾ ਹੋਵੇ! ਧਰਤੀ ਉੱਤੇ ਉਹਨਾਂ ਮਨੁੱਖਾਂ ਲਈ ਸ਼ਾਂਤੀ ਹੋਵੇ ਜੋ ਉਸ ਦੀ ਮਰਜੀ ਵਿੱਚ ਹਨ, ਕਿਉਂਕਿ ਅੱਜ ਤੁਹਾਡੇ ਲਈ ਮੁਕਤੀਦਾਤਾ ਪੈਦਾ ਹੋਇਆ ਹੈ — ਜੋ ਮਸੀਹ ਪ੍ਰਭੂ ਹੈ।"

ਉਸ ਦਾ ਧਰਤੀ ਤੇ ਪਿਤਾ ਇੱਕ ਤਰਖਾਣ ਸੀ — ਉਹ ਇੱਕ ਬਹੁਤ ਹੀ ਹਲੀਮ ਵਿਅਕਤੀ ਸੀ , ਜਿਸ ਨਾਲ ਉਹ ਰਿਹਾ, ਵੱਡਾ ਹੋਇਆ ਅਤੇ ਮਿਹਨਤ ਕੀਤੀ। ਯਿਸੂ ਨੇ ਸਾਡੀ ਮਨੁੱਖੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਅਪਣਾਇਆ ਤਾਂ ਜੋ ਉਹ ਸਾਨੂੰ, ਹੋਰ ਚੰਗੀ ਤਰ੍ਹਾਂ ਸਮਝ ਸਕੇ, ਸਾਡੇ ਨਾਲ ਪਿਆਰ ਕਰ ਸਕੇ ਅਤੇ ਸਾਡੇ ਸੀਮਿਤ ਗਿਆਨ ਦੇ ਪੱਧਰ 'ਤੇ ਸਾਡੇ ਨਾਲ ਗੱਲ ਕਰ ਸਕੇ। ਉਸ ਨੇ ਸਾਡਾ ਦਰਦ ਵੇਖਿਆ, ਸਾਡੀਆਂ ਪੀੜਾਵਾਂ ਨੂੰ ਜਾਣਿਆ ਅਤੇ ਸਾਡੇ ਲਈ ਉਸਦਾ ਦਿਲ ਤਰਸ ਨਾਲ ਭਰ ਗਿਆ।

ਜਦੋਂ ਉਸ ਨੇ ਆਪਣੇ ਧਰਤੀ ਦੇ ਜੀਵਨ ਦੀ ਸੇਵਾ ਸ਼ੁਰੂ ਕੀਤੀ, ਤਾਂ ਉਹ ਹਰ ਥਾਂ ਗਿਆ—ਨੇਕੀ ਕਰਦਾ, ਲੋਕਾਂ ਦੀ ਮਦਦ ਕਰਦਾ, ਬੱਚਿਆਂ ਨਾਲ ਪਿਆਰ ਕਰਦਾ, ਟੁੱਟੇ ਦਿਲਾਂ ਨੂੰ ਚੰਗਾ ਕਰਦਾ, ਥੱਕੇ ਹੋਇਆਂ ਨੂੰ ਤਾਕਤ ਦੇਂਦਾ। ਉਸ ਨੇ ਸਿਰਫ਼ ਪਰਚਾਰ ਨਹੀਂ ਕੀਤਾ, ਸਗੋਂ ਜੋ ਕੁਝ ਉਹ ਸਿਖਾਉਂਦਾ ਸੀ, ਉਹੀ ਜੀਵਨ ਉਸ ਨੇ ਜੀ ਕੇ ਵੀ ਵਿਖਾਇਆ। ਉਸ ਨੇ ਲੋਕਾਂ ਦੀ ਆਤਮਿਕ ਅਤੇ ਸਰੀਰਕ ਜ਼ਰੂਰਤਾਂ ਦੀ ਪਰਵਾਹ ਕੀਤੀ—ਬੀਮਾਰਾਂ ਨੂੰ ਚਮਤਕਾਰਕ ਢੰਗ ਨਾਲ ਚੰਗਾ ਕੀਤਾ, ਭੁੱਖਿਆਂ ਨੂੰ ਰੋਟੀ ਖੁਵਾਈ, ਅਤੇ ਆਪਣੇ ਪਿਆਰ ਨੂੰ ਹਰ ਕਿਸੇ ਨਾਲ ਸਾਂਝਾ ਕੀਤਾ। ਉਸ ਨੇ ਆਪਣੇ ਲਈ ਕੋਈ ਮਾਣ ਜਾਂ ਇੱਜ਼ਤ ਨਹੀਂ ਮੰਗਿਆ। ਪਰ ਇਸਦੇ ਉਲਟ, ਉਹ ਉਨ੍ਹਾਂ ਲੋਕਾਂ ਨਾਲ ਰਹਿੰਦਾ ਸੀ ਜੋ ਸਮਾਜ ਵੱਲੋਂ ਤਿਰਸਕਾਰ ਕੀਤੇ ਜਾਂਦੇ ਸਨ।

ਜਿਵੇਂ-ਜਿਵੇਂ ਪਰਮੇਸੁਰ ਦੇ ਸੱਚ ਅਤੇ ਪਿਆਰ ਦਾ ਸੁਨੇਹਾ ਫੈਲਣ ਲੱਗਾ ਅਤੇ ਯਿਸੂ ਦੇ ਚੇਲੇ ਵੱਧਣ ਲੱਗੇ, ਤਿਵੇਂ ਉਸ ਸਮੇ ਦੇ ਧਾਰਮਿਕ ਕਾਨੂੰਨ ਅਤੇ ਉਸ ਦੇ ਆਗੂਆਂ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਕਿ ਨਾਸਰਤ ਦਾ ਇਹ ਆਮ ਤਰਖਾਣ ਜਿਸ ਨੂੰ ਪਹਿਲਾ ਕੋਈ ਨਹੀਂ ਜਾਣਦਾ ਸੀ, ਹੁਣ ਉਨ੍ਹਾਂ ਲਈ ਖਤਰਾ ਬਣ ਗਿਆ ਹੈ। ਉਹਨਾਂ ਨੇ ਉਸ (ਯਿਸੂ) ਨੂੰ ਝੂਠੇ ਇਲਜ਼ਾਮਾਂ ਵਿੱਚ ਫੜਵਾਇਆ ਅਤੇ ਉਸ 'ਤੇ ਮੁਕੱਦਮਾ ਚਲਾਇਆ। ਹਾਲਾਂਕਿ ਰਾਜਪਾਲ ਨੇ ਉਸ ਨੂੰ ਨਿਰਦੋਸ਼ ਘੋਸ਼ਿਤ ਕੀਤਾ, ਪਰ ਇਸਦੇ ਬਾਵਜੂਦ ਵੀ, ਲੋਕਾਂ ਦੇ ਦਬਾਅ ਅਤੇ ਧਮਕੀਆਂ ਦੇ ਕਾਰਨ, ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ।

ਜਦੋਂ ਉਸ ਦੇ ਸਰੀਰ ਨੂੰ ਕਬਰ ਵਿੱਚ ਰਖਿਆ ਗਿਆ ਸੀ ਤਾਂ ਤਿੰਨ ਦਿਨਾਂ ਬਾਅਦ, ਉਹ ਮੌਤ, ਨਰਕ ਅਤੇ ਕਬਰ ਉੱਤੇ ਜਿੱਤ ਪ੍ਰਾਪਤ ਕਰ ਕੇ ਮੁਰਦਿਆਂ ਵਿੱਚੋਂ ਜੀ ਉੱਠਿਆ, ਤੇ ਲਗਭਗ 2,000 ਸਾਲ ਪਹਿਲਾਂ, ਉਹ ਮਹਾਨ ਦਿਨ ਇਤਿਹਾਸ ਦਾ ਸਭ ਤੋਂ ਵੱਡਾ ਮੋੜ ਸੀ। ਉਸ ਦਿਨ ਤੋਂ ਲੈ ਯਿਸੂ ਮਸੀਹ ਨੇ ਇਤਿਹਾਸ, ਸਭਿਆਚਾਰ ਅਤੇ ਮਨੁੱਖਤਾ ਦੀ ਦਸ਼ਾ ਨੂੰ ਬਦਲ ਕੇ ਰੱਖ ਦਿੱਤਾ ਅਤੇ ਅੱਜ ਤਕ ਕੋਈ ਨੇਤਾ, ਸਮੂਹ, ਸਰਕਾਰ ਜਾਂ ਸਾਮਰਾਜ ਸਮਾਜ ਤੇ ਐਨਾ ਪ੍ਰਭਾਵ ਨਹੀਂ ਪਾ ਸਕਿਆ, ਨਾ ਹੀ ਉਸ ਤੋਂ ਪਹਿਲਾ ਅਤੇ ਨਾ ਹੀ ਉਸ ਤੋਂ ਬਾਅਦ ।

ਇਹ ਪੁਰਸ਼, ਯਿਸੂ ਮਸੀਹ, ਸਿਰਫ਼ ਕੋਈ ਦਰਸ਼ਨਸ਼ਾਸਤਰੀ, ਅਧਿਆਪਕ,